(i) Printed Pages : 3 Roll No. ................................

(ii) Questions : 8

Sub. Code : | 0 | 3 | 0 | 9 |

Exam. Code : | 0 | 0 | 0 | 4 |

**B.A./B.Sc. (General) 4th Sem.**

**(2054)**

**PUNJABI**

**Paper : (Elective)**

**Time Allowed : Three Hours]** **[Maximum Marks : 90**

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਮੈਂ ਵਿਚ, ਮੈਂ ਰਾਂਝੇ ਵਿਚ, ਹੋਰ ਖ਼ਿਆਲ ਨਾ ਕੋਈ।
ਮੈਂ ਨਹੀਂ ਉਹ ਆਪੇ ਹੈ, ਆਪਣੀ ਆਪ ਕਰੇ ਦਿਲਜੋਈ।

(ਅ) ਅਲਫ਼ ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮਨ ਵਿਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਣੀ ਮਿਲਿਆ, ਹਰ ਰੰਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ, ਜਾਂ ਫੁੱਲਾਂ ਪਰ ਆਈ ਹੂ।
ਜੀਵੇ ਮੁਰਸ਼ਦ ਕਾਮਿਲ ਬਾਹੂ, ਜੈਂ ਇਹ ਬੂਟੀ ਲਾਈ ਹੂ। 10

2. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਇੱਕ** ਦੀ ਸਾਹਿਤਕ ਆਲੋਚਨਾ ਕਰੋ :

(ੳ) ਸਾਹਿਬਾਂ ਗਈ ਤੇਲ ਨੂੰ, ਗਈ ਪੰਸਾਰੀ ਦੀ ਹੱਟ।
ਫੜ੍ਹ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇ ਭੁੱਲਾ ਬਾਣੀਆਂ, ਦਿੱਤਾ ਸ਼ਹਿਦ ਉਲੱਟ।
ਵਣਜ ਗਵਾ ਲਏ ਬਾਣੀਆਂ, ਬਲਦ ਗਵਾਏ ਜੱਟ।

(ਅ) ਬੇੜਾ ਬੰਧਿ ਨਾ ਸਕਿਓ, ਬੰਧਨ ਕੀ ਵੇਲਾ।

ਭਰਿ ਸਰਵਰੁ ਜਬ ਊਛਲੈ, ਤਬੁ ਤਰਣੁ ਦੁਹੇਲਾ।

ਹਥ ਨਾ ਲਾਇ ਕਸੁੰਭੜੈ, ਜਲਿ ਜਾਸੀ ਢੋਲਾ।

ਇਕ ਆਪੀਨੈ ਪਤਲੀ, ਸਹੁ ਕੇਰੇ ਬੋਲਾ।

ਦੁਧਾ ਥਣੀ ਨਾ ਆਵਈ, ਫਿਰਿ ਹੋਇ ਨਾ ਮੇਲਾ।

ਕਹੈ ਫਰੀਦ ਸਹੇਲੀਹੋ ਸਹੁ ਅਲਾਏਸੀ।

ਹੰਸ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ। 10

3. 'ਸਵੇਰ ਹੋਣ ਤੱਕ' ਕਹਾਣੀ ਦਾ ਵਿਸ਼ਾ-ਵਸਤੂ/ਥੀਮ ਸਪਸ਼ਟ ਕਰੋ।

**ਜਾਂ**

'ਮੋਹ ਮਿੱਟੀ' ਕਹਾਣੀ ਦੇ ਪਾਤਰਾਂ ਨਾਲ ਜਾਣ-ਪਛਾਣ ਕਰਾਓ। 10

4. 'ਜੀਨਤ ਆਪਾ' **ਜਾਂ** 'ਸ਼ੇਰਨੀਆਂ' ਕਹਾਣੀ ਦੀ ਸਾਹਿਤਕ ਆਲੋਚਨਾ ਕਰੋ। 10

5. ਹੇਠ ਲਿਖਿਆਂ ਵਿਚੋਂ ਕੋਈ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਸ਼ੇਖ਼ ਫਰੀਦ ਅਨੁਸਾਰ ਸੱਚੇ ਤੇ ਕੱਚੇ ਆਸ਼ਕ ਕੌਣ ਹੁੰਦੇ ਹਨ ?

(ਅ) 'ਬੁਲ੍ਹਾ ਕੀ ਜਾਣਾ ਮੈਂ ਕੌਣ' ਕਾਫ਼ੀ ਦਾ ਕੇਂਦਰੀ ਭਾਵ ਲਿਖੋ।

(ੲ) ਚੂਚਕ ਦੇ ਕਿੰਨੇ ਪੁੱਤਰ ਤੇ ਧੀਆਂ ਸਨ, ਉਹਨਾਂ ਦੇ ਨਾਮ ਲਿਖੋ।

(ਸ) ਮਿਰਜੇ ਦੀ ਮਾਂ ਸਿਆਲਾਂ ਦੀਆਂ ਔਰਤਾਂ ਬਾਰੇ ਮਿਰਜੇ ਨੂੰ ਕੀ ਕਹਿੰਦੀ ਹੈ ?

(ਹ) ਜ਼ੀਨਤ ਆਪਾ ਨੂੰ ਆਪਣੇ ਖਾਵੰਦ ਦੇ ਮਰਨ ਦਾ ਦੁੱਖ ਕਿਉਂ ਨਹੀਂ ਸੀ ?

(ਕ) ਨੌਕਰੀ ਕਰਨ ਵਾਲੀਆਂ ਕੁੜੀਆਂ ਬਾਰੇ ਕੀ ਸੋਚਦੇ ਹਨ ?

(ਖ) ਆਹੂਜੇ ਦੀ ਪਤਨੀ ਆਪਣੀ ਸੱਸ ਨਾਲ ਕਿਹੋ ਜਿਹਾ ਸਲੂਕ ਕਰਦੀ ਸੀ ?

(ਗ) ਸੂਬੇਦਾਰ ਪੂਰਨ ਸਿੰਘ ਨੇ ਆਪਣੇ ਮਰ ਚੁੱਕੇ ਸਾਥੀਆਂ ਨੂੰ ਕਿਸ ਤਰ੍ਹਾਂ ਵਿਦਾਇਗੀ ਦਿੱਤੀ ? $2 \times 5 = 10$

6. ਕੋਈ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸ਼ੇਖ਼ ਫਰੀਦ ਦੀ ਕਿੰਨੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ?

(ਅ) ਗੁਰੂ ਨਾਨਕ ਕਾਲ ਦੇ ਸੂਫ਼ੀ ਕਵੀਆਂ ਦੇ ਨਾਮ ਲਿਖੋ।

(ੲ) ਬੁੱਲ੍ਹੇ ਸ਼ਾਹ ਦੀ ਰਚਨਾ ਦੇ ਵਿਸ਼ੇ ਕਿਹੋ ਜਿਹੇ ਹਨ ?

(ਸ) ਵਾਰਿਸ ਸ਼ਾਹ ਦੇ ਕਿੱਸੇ 'ਹੀਰ' ਦੀਆਂ ਵਿਸ਼ੇਸ਼ਤਾਈਆਂ ਦੱਸੋ।

(ਹ) ਮੱਧ-ਕਾਲ ਵਿੱਚ ਕਿਹੜੀਆਂ-ਕਿਹੜੀਆਂ ਪ੍ਰੀਤ ਕਹਾਣੀਆਂ ਨੂੰ ਆਧਾਰ ਬਣਾ ਕੇ ਕਿੱਸੇ ਲਿਖੇ ਗਏ ?

(ਕ) ਕਾਦਰਯਾਰ ਦੀਆਂ ਰਚਨਾਵਾਂ ਦੇ ਨਾਮ ਲਿਖੋ। $5 \times 4 = 20$

7. 'ਸਾਹਿਤ ਅਤੇ ਸਮਾਜ' ਜਾਂ 'ਸਾਹਿਤ ਅਤੇ ਸ਼ਖ਼ਸੀਅਤ' ਉੱਤੇ ਨੋਟ ਲਿਖੋ। 10

8. ਪੰਜਾਬੀ ਦੀਆਂ ਉਪ-ਭਾਸ਼ਾਵਾਂ ਬਾਰੇ ਸੰਖੇਪ ਜਾਣਕਾਰੀ ਦਿਓ।

**ਜਾਂ**

ਭਾਸ਼ਾ ਤੇ ਉਪ-ਭਾਸ਼ਾ ਦਾ ਅੰਤਰ ਸਪਸ਼ਟ ਕਰੋ। 10